ਵੱਲੋਂ,

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ,
(ਤਕਨੀਕੀ ਸਿੱਖਿਆ ਵਿੰਗ), ਚੰਡੀਗੜ੍ਹ ।

ਸੇਵਾ ਵਿੱਚ,

1. ਡਾਇਰੈਕਟਰ,
ਸਟੇਟ ਟਰਾਂਸਪੋਰਟ ਵਿਭਾਗ,ਪੰਜਾਬ,
ਸੈਕਟਰ-17,ਚੰਡੀਗੜ੍ਹ ।

2. ਮੈਨੇਜਿੰਗ ਡਾਇਰੈਕਟਰ,
ਪੈਪਸੂ ਰੋਡਵੇਜ਼ ਕਾਰਪੋਰੇਸ਼ਨ, ਪਟਿਆਲਾ ।

ਮੀਮੋ ਨੰ: 2173-74 /ਲੇਖਾ
ਮਿਤੀ 30/8/2021

ਵਿਸ਼ਾ:- ਵਿਦਿਆਰਥੀਆਂ ਨੂੰ ਰਿਆਇਤੀ ਬੱਸ ਪਾਸ ਸਹੂਲਤ ਮੁਹੱਈਆਂ ਕਰਵਾਉਣ ਸਬੰਧੀ।

ਇਸ ਪੱਤਰ ਰਾਹੀਂ ਆਪ ਨੂੰ ਸਾਲ 2021-22 ਅਕੈਡਮਿਕ ਸਾਲ ਲਈ ਸੰਸਥਾਂਵਾਂ ਵਿੱਚ ਰੈਗੂਲਰ ਪੜ੍ਹਦੇ ਵਿਦਿਆਰਥੀਆਂ ਨੂੰ ਰਿਆਇਤੀ ਬੱਸ ਪਾਸ ਸਹੂਲਤ ਮੁਹੱਈਆ ਕਰਾਉਣ ਲਈ ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ / ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ / ਬੇਅੰਤ ਸਿੰਘ ਸਟੇਟ ਯੂਨੀਵਰਸਿਟੀ ਯੂਨੀਵਰਸਿਟੀ, ਗੁਰਦਾਸਪੁਰ ਅਧੀਨ ਆਉਂਦੇ ਇੰਜੀਨੀਅਰਿੰਗ ਕਾਲਜਾਂ ਵਿਖੇ ਚੱਲਦੇ ਕੋਰਸਾਂ ਦੀਆਂ ਕਾਪੀਆਂ (ਸੰਸਥਾਵਾਂ ਦੇ ਨਾਂਵਾਂ ਤੇ ਕੋਰਸਾਂ ਸਮੇਤ) ਸੂਚੀ ਦੀਆਂ ਕਾਪੀਆਂ ਭੇਜ਼ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਸੰਸਥਾਵਾਂ ਦੇ ਵਿੱਚ ਰੈਗੂਲਰ ਪੜ੍ਹਦੇ ਵਿਦਿਆਰਥੀਆਂ ਨੂੰ ਪੰਜਾਬ ਸਰਕਾਰ ਵੱਲੋਂ ਲਏ ਗਏ ਫੈਸਲੇ/ਨਿਯਮਾਂ ਅਤੇ ਸਮੇਂ-ਸਮੇਂ ਸਿਰ ਜ਼ਾਰੀ ਕੀਤੀਆਂ ਹਦਾਇਤਾਂ ਅਨੁਸਾਰ ਸਾਲ 2021-22 ਲਈ ਬੱਸ ਪਾਸ ਜ਼ਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਅਜਿਹੇ ਪਾਸ ਜ਼ਾਰੀ ਕਰਨ ਨਾਲ ਪੰਜਾਬ ਰੋਡਵੇਜ਼/ਪੀ.ਆਰ.ਟੀ.ਸੀ. ਨੂੰ ਪਏ ਘਾਟੇ ਦੀ ਪ੍ਰਤੀ ਪੂਰਤੀ ਤਕਨੀਕੀ ਸਿੱਖਿਆ ਵਿਭਾਗ ਕਰੇਗਾ ।

ਸਹਾਇਕ ਕੰਟਰੋਲਰ(ਵਿੱਤ ਤੇ ਲੇਖਾ)
ਵਾ:ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ

ਨੱਥੀ :- ਉਪਰੋਕਤ ਅਨੁਸਾਰ।

30/8/2021

ਪਿੱਠ ਅੰਕਣ ਨੰ:ਡੀ.ਟੀ.ਈ./ਸ-3/ 2175 /ਲੇਖਾ ਮਿਤੀ 30/8/2021

1. ਉਪਰੋਕਤ ਉਤਾਰਾ ਲਿਸਟਾਂ ਵਿੱਚ ਦਰਜ਼ ਸਬੰਧਿਤ ਸੰਸਥਾ ਦੇ ਪ੍ਰਿੰਸੀਪਲ/ਮੁੱਖੀ ਵਿਭਾਗ ............................................. .. ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਤਸਦੀਕ ਕੀਤਾ ਜਾਂਦਾ ਹੈ ਕਿ ਇਸ ਸੰਸਥਾਂ/ ਤਕਨੀਕੀ ਕਾਲਜ਼ ਨੂੰ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਉਕਤ..........ਕੋਰਸ ਲਈ ਪੱਤਰ ਨੰ:......................ਮਿਤੀ ................... ਦੀ ਲੜੀ ਨੰ:.............. ਰਾਹੀਂ ਬੱਸ ਪਾਸ ਬਣਾਉਣ ਅਤੇ ਘਾਟੇ ਦੀ ਪ੍ਰਤੀ ਪੂਰਤੀ ਤਕਨੀਕੀ ਸਿੱਖਿਆ ਵਿਭਾਗ ਵੱਲੋਂ ਕਰਨ ਦੀ ਸਹਿਮਤੀ ਪ੍ਰਾਪਤ ਹੋਈ ਹੈ।

2. ਇਸ ਤੋਂ ਇਲਾਵਾ ਇਹ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਵਿਦਿਆਰਥੀਆਂ ਦੀ ਅਰਜ਼ੀ ਵੀ ਸਮੇਂ-ਸਿਰ ਸਿਫਾਰਸ਼ ਕੀਤੀ ਜਾਵੇ । ਜੇਕਰ ਵਿਦਿਆਰਥੀ ਅਰਜ਼ੀ ਸਿਫਾਰਸ਼ ਲਈ ਲੇਟ ਲੈ ਕੇ ਆਉਂਦਾ ਹੈ ਤਾਂ ਉਸ ਦਾ ਕਾਰਨ ਦੱਸਦੇ ਹੋਏ ਤਸਦੀਕ ਕੀਤਾ ਜਾਵੇ ਅਤੇ ਉਸ ਦੀ ਅਰਜ਼ੀ ਤੇ ਸਿਫਾਰਸ਼ ਪਾਸ ਖਤਮ ਹੋਣ ਦੀ ਮਿਤੀ ਤੋਂ ਹੀ ਕੀਤੀ ਜਾਵੇ।

3. ਕਾਲਜ਼ ਮੁਖੀ ਸਿਫਾਰਸ਼ ਕਰਦੇ ਸਮੇਂ ਇਹ ਯਕੀਨੀ ਬਣਾਉਣ ਅਤੇ ਦਰਜ਼ ਕਰਨ ਕਿ ਕਾਲਜ਼ ਮਿਤੀ...................... ਤੋਂ .........................ਤੱਕ ਬੰਦ ਰਹਿਣਗੇ ਅਤੇ ਛੁੱਟੀਆਂ ਵਿੱਚ ਇਹ ਵਿਦਿਆਰਥੀ ਕਾਲਜ਼ ਵਿੱਚ ਪੜ੍ਹਾਈ/ਇਮਤਿਹਾਨ/ਲਾਇਬਰੇਰੀ/ਖੇਡਾਂ ਜਾਂ ਹੋਰ ਮੰਤਵਾਂ ਲਈ ਆ ਜਾ ਸਕਣਗੇ।

4. ਵਿਦਿਆਰਥੀ ਨੂੰ ਇੱਕ ਵਾਰ ਬੱਸ ਪਾਸ ਜ਼ਾਰੀ ਕਰ ਦਿੱਤਾ ਜਾਂਦਾ ਹੈ ਤਾਂ ਉਸ ਦਾ ਨਵੀਨੀਕਰਨ ਕਰਵਾਉਣਾ ਜਾਂ ਲੋੜ ਨਾ ਹੋਣ ਤੇ ਪੀ.ਆਰ.ਟੀ.ਸੀ. ਦਫਤਰ ਜਮ੍ਹਾਂ ਕਰਵਾਉਣਾ ਵਿਦਿਆਰਥੀ ਅਤੇ ਕਾਲਜ਼ ਦੇ ਮੁਖੀ ਦੀ ਜਿੰਮੇਵਾਰੀ ਹੋਵੇਗੀ । ਸਹਿਮਤੀ ਪੱਤਰ ਸਮੇਂ-ਸਿਰ ਭੇਜ਼ਣੇ ਯਕੀਨੀ ਬਣਾਏ ਜਾਣ ।

ਸਹਾਇਕ ਕੰਟਰੋਲਰ(ਵਿੱਤ ਤੇ ਲੇਖਾ)
ਵਾ:ਡਾਇਰੈਕਟਰ ਤਕਨੀਕੀ ਸਿੱਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ

30/8/2021